*ਗੁਰਚਰਨਜੀਤ ਸਿੰਘ ਲਾਂਬਾ*
*ਐਡੀਟਰ ਪੰਥਕ ਮਾਸਕ ਪੱਤਰ 'ਸੰਤ ਸਿਪਾਹੀ'*

# ਖ਼ਾਲਸਾ ਕਾਲ ਪੁਰਖ਼ ਕੀ ਫ਼ੌਜ ॥

ਸਰਬ ਲੋਹ ਗ੍ਰੰਥ ਵਿੱਚ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮੁਕਤ ਕੰਠ ਨਾਲ ਖ਼ਾਲਸੇ ਦੀ ਉਸਤਤ ਅਤੇ ਉਪਮਾ ਕਰਦਿਆਂ ਦੱਸਦੇ ਹਨ ਕਿ **ਕਾਲ ਪੁਰਖ** (ਵਾਹਿਗੁਰੂ) ਨੇ ਮੌਜ ਵਿੱਚ ਆ ਕੇ ਖ਼ਾਲਸੇ ਨੂੰ ਪ੍ਰਗਟ ਕੀਤਾ। ਇਸ ਬਾਰੇ ਸਾਹਿਬਾਂ ਦੇ ਆਪਣੇ ਬਚਨ ਜੋ **ਬਿਸਨੁਪਦ ਪੁਨਜਾਕੀ ਦੇਵ ਪਲਾਸੀ** ਵਿੱਚ ਹਜ਼ੂਰ ਨੇ ਬਖ਼ਸ਼ਿਸ਼ ਕੀਤੇ ਹਨ, ਸਰਬ ਲੋਹ ਗ੍ਰੰਥ ਦੇ ਪੰਨਾ 532 'ਤੇ ਇਸ ਤਰ੍ਹਾਂ ਅੰਕਿਤ ਹਨ,

***ਹੌਂ ਖ਼ਾਲਸਹਿ ਕਹੁ, ਖ਼ਾਲਸਾ ਮੇਰੋ ॥***
***ਓਤਪੋਤ ਸਾਗਰ ਬੂੰਦੇਰੋ ॥੧੦ ॥***
***ਖ਼ਾਲਸਾ ਕਾਲ ਪੁਰਖੁ ਕੀ ਫ਼ੌਜ ॥***
***ਪ੍ਰਗਟਯੋ ਪਰਮਾਤਮ ਕੀ ਮੌਜ ॥੧ ॥ ਰਹਾਉ ॥***
**॥੪੫੮ ॥੯੯੦ ॥੩੩੦੯ ॥ ਦਸਕ੧ ॥**

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵਾਹਿਗੁਰੂ ਲਈ ਲਫ਼ਜ਼ **ਕਾਲ ਪੁਰਖ਼** ਵਰਤਿਆ ਹੈ। ਪਰ ਆਮ ਤੌਰ 'ਤੇ ਅਣਗਹਿਲੀ ਵਸ ਤਿੰਨ ਸੌ ਸਾਲਾ ਸਮਾਗਮਾਂ ਦੇ ਇਸ਼ਤਿਹਾਰਾਂ, ਕੀਰਤਨੀਆਂ ਤੇ ਪ੍ਰਚਾਰਕਾਂ ਵੱਲੋਂ ਵੀ **ਕਾਲ ਪੁਰਖ਼** ਦੀ ਥਾਵੇਂ ਸ਼ਬਦ **ਅਕਾਲ ਪੁਰਖ਼** ਲਿਖਿਆ ਅਤੇ ਪੜ੍ਹਿਆ ਜਾਂਦਾ ਰਿਹਾ ਹੈ। ਭਾਵੇਂ ਕਾਲ ਪੁਰਖ਼ ਤੇ ਅਕਾਲ ਪੁਰਖ਼ ਦੇ ਅਰਥਾਂ ਵਿੱਚ ਕੋਈ ਫ਼ਰਕ ਨਹੀਂ। ਜਿਵੇਂ ਵਾਹਿਗੁਰੂ ਗੁਰਮੰਤਰ ਹੈ ਪਰ ਇਸ ਦੀ ਥਾਵੇਂ ਵਾਹਿਗੁਰੂ ਲਈ ਕੋਈ ਹੋਰ ਲਫ਼ਜ਼ ਨਹੀਂ ਵਰਤਿਆ ਜਾ ਸਕਦਾ। ਇਸੇ ਤਰ੍ਹਾਂ ਵਾਹਿਗੁਰੂ ਜੀ ਕਾ ਖ਼ਾਲਸਾ......ਦੇ ਬਦਲੇ ਕੁਝ ਹੋਰ ਨਹੀਂ ਕਿਹਾ ਜਾ ਸਕਦਾ। 33 ਸਵੱਯੇ ਵਿੱਚ ਗੁਰੂ ਸਾਹਿਬ ਬਚਨ ਕਰਦੇ ਹਨ–

***ਕਾਲ ਹੀ ਪਇ ਭਯੋ ਭਗਵਾਨ ਸੁਜਾਗਤ***
***ਜਾਂ ਜਗ ਜਾ ਕੀ ਕਲਾ ਹੈ।***
***ਕਾਲ ਹੀ ਪਇ ਭਯੋ ਬ੍ਰਹਮਾ ਸਿਵ***
***ਕਾਲ ਹੀ ਪਾਇ ਭਯੋ ਜੁਗੀਆ ਹੈ।***
***ਕਾਲ ਹੀ ਪਾਇ ਭਯੋ ਸੁਰਾਸਰ ਗੰਧ੍ਰਬ***
***ਜਛ ਭੁਜੰਗ ਦਿਸਾ ਵਿਦਸਾ ਹੈ।***
***ਅਉਰ ਸੁ ਕਾਲ ਸਭੈ ਬਸਿਕਾਲ***
***ਕੇ ਏਕ ਹੀ ਕਾਲ ਅਕਾਲ ਸਦਾ ਹੈ।***

ਗੁਰੂ ਸਾਹਿਬ ਵੱਲੋਂ ਅਕਾਲ ਪੁਰਖ਼ ਲਈ ਕਾਲ ਜਾਂ ਕਾਲ ਪੁਰਖ ਸ਼ਬਦ ਦਾ ਇਸਤੇਮਾਲ ਕੀਤਾ ਜਾਣਾ ਸਿੱਖ ਫ਼ਲਸਫ਼ੇ ਦੇ ਇੱਕ ਮੁੱਢਲੇ ਸਿਧਾਂਤ ਦੀ ਵਿਆਖਿਆ ਕਰਦਾ ਹੈ ਕਿ ਸਿਰਜਨ ਤੇ ਸੰਘਾਰਨ ਵਾਲਾ ਕੇਵਲ ਆਪ ਵਾਹਿਗੁਰੂ ਹੀ ਹੈ। ਇਸ ਲਈ ਜੋ ਬਚਨ ਗੁਰੂ ਸਾਹਿਬ ਨੇ ਖ਼ੁਦ **ਖਾਲਸਾ ਕਾਲ ਪੁਰਖੁ ਕੀ ਫੌਜ ॥** ਕੀਤੇ ਹਨ ਤੇ ਇਹੀ ਪੜ੍ਹਿਆ ਜਾਣਾ ਚਾਹੀਦਾ ਹੈ। ਇਸ ਦੀ ਵਿਚਾਰ ਕਰਨੀ ਜ਼ਰੂਰੀ ਹੈ ਤਾਂ ਕਿ ਇਹ ਅਣਗਹਿਲੀ ਨਾ ਹੋਵੇ।

ਭਾਈ ਜੋਧ ਸਿੰਘ ਜੀ ਨੇ ਵੀ ਆਪਣੀ ਅੰਗਰੇਜ਼ੀ ਦੀ ਪੁਸਤਕ *33 Swaiyas* ਦੇ ਪੰਨਾ 36 'ਤੇ ਸਪੱਸ਼ਟ ਕੀਤਾ ਹੈ ਕਾਲ ਦਾ ਅਰਥ ਸਮਾਂ ਤੇ ਮੌਤ ਹੁੰਦਾ ਹੈ ਪਰ ਦਸਮ ਪਾਤਸ਼ਾਹ ਨੇ ਵਾਹਿਗੁਰੂ ਨੂੰ ਕਾਲ ਕਹਿ ਕੇ ਵੀ ਮੁਖ਼ਾਤਬ ਕੀਤਾ ਹੈ।

The word ਕਾਲ is Sanskrit and literally it means time. Its Secondary meaning is death. In the writing of the 10th Guru it means the Destroyer, the Lord himself.

ਹਿੰਦੂ ਸ਼ਾਸਤ੍ਰਾਂ ਨੇ ਸਿਰਜਨ, ਪਾਲਨ ਤੇ ਨਾਸ਼ ਕਰਨ ਵਾਲੀਆਂ ਵੱਖ–ਵੱਖ ਸ਼ਕਤੀਆਂ ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ ਨੂੰ ਥਾਪਿਆ ਹੈ। ਇਸੇ ਤਰ੍ਹਾਂ ਪੱਛਮੀ ਫ਼ਲਸਫ਼ੇ ਨੇ ਵੀ ਰੱਬ ਲਈ ਲਫ਼ਜ਼ God ਵਰਤਿਆ ਹੈ ਜੋ ਤਿੰਨ ਅੱਖਰਾਂ ਤੋਂ G (Generator), O (Operator) ਅਤੇ D (Destroyer) ਬਣਿਆ ਹੈ। ਯਾਨਿ ਕਿ ਸਿਰਜਨਹਾਰ, ਪਾਲਨਹਾਰ ਅਤੇ ਨਾਸ਼ਕਰਨ ਵਾਲਾ। ਪਰ ਗੁਰਮਤਿ ਨੇ ਇਨ੍ਹਾਂ ਤਿੰਨਾਂ ਦੀ ਮਾਂ **ਏਕਾ ਮਾਈ ਜੁਗਤਿ ਵਿਆਈ ਤਿੰਨਿ ਚੇਲੇ ਪਰਵਾਣ** ਵਾਹਿਗੁਰੂ ਨੂੰ ਪੂਜਣ ਦਾ ਆਦੇਸ਼ ਦਿੱਤਾ। **ਕੇਵਲ ਕਾਲਈ ਕਰਤਾਰ** ਦਾ ਉਪਦੇਸ਼ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਇਸ ਬਾਰੇ ਹੁਕਮ ਕਰਦੇ ਹਨ ਕਿ ਕੋਈ ਦਿਜੇਸ ਯਾਨਿ ਕਿ ਬ੍ਰਹਮਾ ਨੂੰ ਮੰਨਦਾ ਹੈ, ਕੋਈ ਮਹੇਸ਼ ਨੂੰ ਹੀ ਵਾਹਿਗੁਰੂ ਕਹੀ ਜਾਂਦਾ ਹੈ ਤੇ ਕੋਈ ਵਿਸ਼ਨੂੰ ਨੂੰ ਹੀ ਪਾਲਨਹਾਰ ਮੰਨ ਰਿਹਾ ਹੈ ਪਰ ਸਾਹਿਬਾਂ ਦਾ ਹੁਕਮ ਹੈ,

***ਕੋਊ ਦਿਜੇਸ ਕੋ ਮਾਨਤ ਹੈ***
***ਅਰੁ ਕੋਊ ਮਹੇਸਕੌਂ ਏਸ ਬਤੈ ਹੈ ॥***
***ਕੋਊ ਕਹੈ ਬਿਸਨੋ ਬਿਸਨਾਇਕ***
***ਜਾਹਿ ਭਜੇ ਅਘ ਓਘ ਕਟੈ ਹੈ ॥***
***ਬਾਰ ਹਜਾਰ ਬਿਚਾਰ ਅਰੇ ਜੜ***
***ਅੰਤ ਸਮੈ ਸਭ ਹੀ ਤਜਿ ਜੈ ਹੈ ॥***
***ਤਾਹੀ ਕੋ ਧਯਾਨ ਪ੍ਰਮਾਨਿ ਹੀਏ ਜੋਊ ਥੋ,***
***ਅਬ ਹੈ, ਅਰੁ ਆਗੈ ਊ ਹ੍ਵੈਹੈ ॥***
*(ਸ੍ਰੀ ਦਸਮ ਗ੍ਰੰਥ ਸਾਹਿਬ, ਪੰਨਾ 714)*

ਗੁਰਮਤਿ ਨੇ ਇਹ ਤਿੰਨੋਂ ਕਿਰਿਆ ਕਲਾਪਾਂ ਵਾਲੀ ਹਸਤੀ ਕੇਵਲ ਇਕ ਵਾਹਿਗੁਰੂ ਹੀ ਕਲਪੀ ਹੈ।

***ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥***
***ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ ॥***
*(ਗੁਰੂ ਗ੍ਰੰਥ ਸਾਹਿਬ, ਪੰਨਾ 48)*

ਸਾਹਿਬ ਬਖ਼ਸ਼ਿਸ਼ ਕਰਦੇ ਹਨ ਕਿ ਸ੍ਰਿਸ਼ਟੀ ਦਾ ਰਚਨਹਾਰ ਖ਼ੁਦ ਕਾਲ ਨੇ ਹੀ ਇਹ ਪਸਾਰਾ ਪਸਰਿਆ ਤੇ ਓਅੰਕਾਰ ਦੇ ਸ਼ਬਦ ਨਾਲ ਹੀ ਜਗਤ ਦੀ ਉਤਪਤੀ ਹੋਈ।

***ਪ੍ਰਿਥਮ ਕਾਲ ਜਬ ਕਰਾ ਪਸਾਰਾ ॥***
***ਓਅੰਕਾਰ ਤੇ ਸ੍ਰਿਸ਼ਟੀ ਉਪਾਰਾ ॥*** *(10, ਅਧਿ.2)*

**ਕਾਲ ਪਾਏ ਬ੍ਰਹਮਾ ਬਪੁ ਧਰਾ....** ਦਾ ਬਚਨ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਪੱਸ਼ਟ ਸ਼ਬਦਾਂ ਵਿੱਚ ਬਿਆਨ ਕਰਦੇ ਕਿ ਜਿਸ ਨੇ ਵੀ ਸਰੀਰ ਧਾਰਨ ਕਰ ਲਿਆ ਉਹ ਕਾਲ ਦੇ ਵਸ ਹੋ ਗਿਆ ਸੋ ਪੂਜਣ ਯੋਗ ਕ੍ਰਿਪਾਨਿਧ ਹਸਤੀ ਵਾਹਿਗੁਰੂ ਕੇਵਲ **ਕਾਲ** ਹੀ ਹੈ।

***ਕਾਲ ਹੀ ਪਾਇ ਭਇਓ ਬ੍ਰਹਮਾ***
***ਗਹਿ ਦੰਡ ਕਮੰਡਲ ਭੂਮ ਭ੍ਰਮਾਨਯੋ ॥***
***ਕਾਲ ਹੀ ਪਾਇ ਸਦਾ ਸਿਵਜੂ***
***ਸਭ ਦੇਸ ਬਦੇਸ ਭਇਆ ਹਮ ਜਾਨਯੋ ॥***
***ਕਾਲ ਪਾਇ ਭਯੋ ਮਿਟ ਗਯੋ***
***ਜਗ ਯਾਂਹੀ ਤੇ ਤਾਹਿ ਸਭੋ ਪਹਿਚਾਨਯੋ ॥***
***ਬੇਦ ਕਤੇਬ ਕੇ ਭੇਦ ਸਭੈ***
***ਤਜਿ ਕੇਵਲ ਕਾਲਿ ਕ੍ਰਿਪਾਨਿਧ ਮਾਨਯੋ ॥੨੩***
*(ਸ੍ਰੀ ਦਸਮ ਗ੍ਰੰਥ ਸਾਹਿਬ, ਪੰਨਾ 715)*

ਇਕ ਥਾਂ ਹੋਰ ਦਸਮ ਪਾਤਸ਼ਾਹ ਵਾਹਿਗੁਰੂ ਨੂੰ ਕਾਲ ਕ੍ਰਿਪਾਲ ਲਿਖਦਿਆਂ ਹੋਏ ਚੇਤਾਵਨੀ ਦਿੰਦੇ ਹਨ ਕਿ ਐ ਨਿਰਲੱਜ ਇਨਸਾਨ ਤੂੰ ਆਪਣਾ ਕਾਲ ਜਾਂ ਸਮਾਂ ਵਿਅਰਥ ਹੀ ਗਵਾ ਦਿੱਤਾ ਹੈ ਤੇ ਕਾਲ ਕ੍ਰਿਪਾਲ ਨੂੰ ਹਿਰਦੇ ਵਿੱਚ ਧਾਰਨ ਨਹੀਂ ਕੀਤਾ।

***ਕਾਲ ਗਯੋ ਇਨ ਕਾਮਨ ਸਿਉ,***

***ਜੜ ! ਕਾਲ ਕ੍ਰਿਪਾਲ ਹੀਐ ਨ ਚਿਤਾਰਿਯੋ ॥***
***ਲਾਜ ਸੋ ਛਾਡ, ਨਿਲਾਜ ਅਰੇ !***
***ਤਜ ਕਾਜ, ਅਕਾਜ ਕੋ ਕਾਜ ਸਵਾਰਿਯੋ ॥***

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਵਨ ਬਾਣੀ *ਅਕਾਲ ਉਸਤਤ* ਦੇ ਆਰੰਭ ਵਿੱਚ ਵੀ ਵਾਹਿਗੁਰੂ ਨੂੰ ਅਕਾਲ ਪੁਰਖ, ਸਰਬ ਲੋਹ ਤੇ ਸਰਬ ਕਾਲ ਕੇ ਸੰਬੋਧਨ ਕਰਦਿਆਂ ਰਛਿਆ ਦੀ ਜੋਦੜੀ ਕਰਦਿਆਂ ਫ਼ੁਰਮਾਉਂਦੇ ਹਨ,

**ੴ ਸਤਿਗੁਰਪ੍ਰਸਾਦਿ ॥ ਉਤਾਰ ਖਸੇ ਦਸਖਤ ਕਾ ॥**
**ਪਾਤਿਸਾਹੀ 10 ॥**

***ਅਕਾਲ ਪੁਰਖ ਕੀ ਰਛਾ ਹਮ ਨੈ।***
***ਸਰਬ ਲੋਹ ਦੀ ਰਛਿਆ ਹਮ ਨੈ।***
***ਸਰਬ ਕਾਲ ਜੀ ਦੀ ਰਛਿਆ ਹਮਨੈ।***
***ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ।***

ਅਤੇ ਇਸੇ ਸਰਬਕਾਲ ਜੀ ਦਾ ਧਿਆਨ ਧਰਦਿਆਂ ਦਸਮ ਪਾਤਸ਼ਾਹ ਨੇ *ਬਚਿਤ੍ਰ ਨਾਟਕ ਗ੍ਰੰਥ* ਦੀ ਆਰੰਭਤਾ ਵਿੱਚ ਸ੍ਰੀ ਕਾਲ ਜੂ ਕੀ ਉਸਤਤਿ ਕਰਦਿਆਂ ਫ਼ੁਰਮਾਇਆ ਹੈ,

***ਕਰੀ ਲੋਹ ਕਲਮੰ ਲਿਖਯੋ ਲੇਖ ਮਾਥੰ ॥***
***ਸਭੈ ਜੇਰ ਕੀਨੇ ਬਲੀ ਕਾਲ ਹਾਥੰ ॥੨੫ ॥***
***ਕਈ ਮੇਟ ਡਾਰੇ ਉਸਾਰੇ ਬਨਾਏ ॥***
***ਉਪਾਰੇ ਗੇੜ ਫੇਰਿ ਮੇਟੇ ਉਪਾਏ ॥***
***ਕ੍ਰਿਆ ਕਾਲ ਜੂ ਕੀ ਕਿਨੂ ਨ ਪਛਾਨੀ ॥***
***ਘਨਯੋ ਪੈ ਬਿਹੈਹੈ ਘਨਯੋ ਪੈ ਬਿਹਾਨੀ ॥੨੬ ॥***

ਦਸਮੇਸ਼ ਪਿਤਾ ਅਵਤਾਰਾਂ ਦੀ ਹਸਤੀ ਅਤੇ ਉਨ੍ਹਾਂ ਦੇ ਕਿਰਿਆ ਕਲਾਪਾਂ ਦੀ ਵਿਆਖਿਆ ਕਰਦੀਆਂ *ਬਚਿਤ੍ਰ ਨਾਟਕ* ਵਿੱਚ ਅੰਕਿਤ *ਚੌਬੀਸ ਅਉਤਾਰ* ਵਿੱਚ ਅੰਕਿਤ ਕਰਦਿਆਂ ਸਪੱਸ਼ਟ ਕਰਦੇ ਹਨ ਕਿ ਇਹ ਸਾਰੇ ਹੀ ਜਗਤ ਤਮਾਸ਼ੇ ਦੇ ਪਾਤਰ ਹਨ ਤੇ ਖ਼ੁਦ ਕਾਲ ਵਸ ਹਨ। ਕਾਲ ਪੁਰਖ ਹੀ ਇਨ੍ਹਾਂ ਨੂੰ ਭੇਜਣ ਤੇ ਵਾਪਸ ਆਪਣੇ ਵਿੱਚ ਲੀਨ ਕਰਨ ਵਾਲੀ ਵਾਹਦ ਸ਼ਕਤੀ ਹੈ ਤੇ ਉਹੀਊ ਪੂਜਣ ਯੋਗ ਹੈ,

**ੴ ਵਾਹਿਗੁਰੂ ਜੀ ਕੀ ਫਤੇ ॥ ਪਾਤਸ਼ਾਹੀ 10 ॥**
***ਅਥ ਚੌਬੀਸੇ ਅਉਤਾਰ ॥ ਚਉਪਈ ॥***
***ਜਬ ਜਬ ਹੋਤ ਅਰਿਸਟਿ ਅਪਾਰਾ ॥***
***ਤਬ ਤਬ ਦੇਹ ਧਰਤ ਅਵਤਾਰਾ ॥***
***ਕਾਲ ਸਭਨ ਕੋ ਪੇਖ ਤਮਾਸ਼ਾ।***
***ਅੰਤਹਿ ਕਾਲ ਕਰਤ ਹੈ ਨਾਸਾ ॥ ਚੌਪਈ ॥***
***ਕਾਲ ਸਭਨ ਕਾ ਕਰਤ ਪਸਾਰਾ ॥***
***ਅੰਤ ਕਾਲ ਸੋਈ ਖਾਪਨ ਹਾਰਾ ॥*.........**
***ਜੋ ਚਉਬੀਸ ਅਵਤਾਰ ਕਹਾਏ ॥***
***ਤਿਨ ਭੀ ਤੁਮ ਪ੍ਰਭ ਤਨਕ ਨ ਪਾਏ ॥*.......**
***ਬ੍ਰਹਮਾਇਕ ਸਭਹੀ ਪਚਹਾਰੇ ॥***
***ਬਿਸਨ ਮਹੇਸ੍ਵਰ ਕਵਨ ਬਿਚਾਰੇ ॥***

ਗੁਰੂ ਨਾਨਕ ਪੰਥ ਦੀ ਸਿਰਜਣਾ ਹੀ ਇਸ ਲਈ ਹੋਈ ਸੀ ਕਿ ਕਰਤਾ ਪੁਰਖ ਨੂੰ ਛੱਡ ਕਿਰਤਮ ਦੀ ਪੂਜਾ ਕਰ ਰਹੀ ਲੋਕਾਈ ਨੂੰ 'ਕੇਵਲ ਕਾਲਈ ਕਰਤਾਰ' ਦੇ ਲੜ ਲਾਇਆ ਜਾਏ। ਸੋ ਇਸੇ ਵਾਹਿਗੁਰੂ ਨੂੰ ਕਾਲ, ਮਹਾਕਾਲ, ਸਰਬਲੋਹ, ਮਹਾਲੋਹ ਆਦਿ ਸ਼ਬਦਾਂ ਨਾਲ ਸੰਬੋਧਨ ਕਰਦਿਆਂ ਕ੍ਰਿਸ਼ਨਾਵਤਾਰ ਵਿੱਚ ਕਲਗੀਧਰ ਪਿਤਾ ਆਪਣਾ ਆਸ਼ਾ ਸਪੱਸ਼ਟ ਕਰਦਿਆਂ ਬੇਨਤੀ ਵੀ ਕਰਦੇ ਹਨ,

***ਮੈ ਨ ਗਨੇਸਹਿ ਪ੍ਰਿਥਮ ਜਨਾਊਂ ॥***
***ਕਿਸਨ ਬਿਸਨ ਕਬਹੂੰ ਨਹ ਧਿਆਊਂ ॥***
***ਕਾਨ ਸੁਨੇ ਪਹਿਚਾਨ ਨ ਤਿਨ ਸੋ ॥***
***ਲਿਵ ਲਾਗੀ ਮੋਹੀ ਪਗ ਇਨ ਸੋ ॥੪੩੪ ॥***
***ਮਹਾਕਾਲ ਰਖਵਾਰ ਹਮਾਰੋ ॥***
***ਮਹ ਲੋਹ ਮੈ ਕਿੰਕਰ ਧਾਰੋ ॥***
***ਅਪਨਾ ਜਾਨ ਕਰੋ ਰਖਵਾਰ ॥***
***ਬਾਹ ਗਹੇ ਕੀ ਲਾਜ ਬਿਚਾਰ ॥੪੩੫ ॥***

ਸਿਮ੍ਰਤੀਆਂ ਅਤੇ ਸ਼ਾਸਤ੍ਰਾਂ ਦੇ ਫ਼ਲਸਫ਼ੇ ਮੁਤਾਬਿਕ ਹਿੰਦੂ ਭਾਵੇਂ ਕਿਸੇ ਵੀ ਭੇਖ ਜਾਂ ਸੰਪ੍ਰਦਾ ਦਾ ਹੋਵੇ ਉਸ ਲਈ ਪ੍ਰਿਥਮ ਗਣ+ਈਸ਼, ਸ੍ਰੀ ਗਣੇਸ਼ ਦੀ ਅਰਾਧਨਾ ਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਪੂਜਾ ਅਰਚਾ ਵਿਧਾਨ ਹੈ। ਜੋ ਇਸ ਤੋਂ ਇਨਕਾਰੀ ਹੈ ਉਹ ਬਿਪ੍ਰਵਾਦ ਦੀ ਸੀਮਾ ਤੋਂ ਬਾਹਰ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਤਾਂ ਅਕਾਲ ਉਸਤਤਿ ਵਿੱਚ ਵਾਹਿਗੁਰੂ ਨੂੰ ਹੀ 'ਮਹੇਸ਼ ਗੰਗ ਧਾਨ ਕੋ' ਯਾਨਿ ਕਿ ਜਿਸ ਮਹਾਦੇਵ ਨੇ ਗੰਗਾ ਸਿਰ ਵਿੱਚ ਧਾਰਨ ਕੀਤੀ ਹੈ, ਵਾਹਿਗੁਰੂ ਉਸਦਾ ਵੀ ਮਹੇਸ਼ ਹੈ, ਕਹਿਕੇ ਅਕਾਲ ਪੁਰਖ ਦੀ ਸਰਵੁੱਚਤਾ ਨਿਰਧਾਰਤ ਕਰਦੇ ਹਨ। ਐਪਰ ਗੁਰੂ ਸਾਹਿਬ ਨੇ ਉਕਤ ਪੰਕਤੀਆਂ ਰਚ ਕੇ ਖਾਲਸੇ ਦੇ ਨਿਆਰੇ ਪਨ ਹੋਣ ਦਾ ਅਮਲੀ ਹੁਕਮਨਾਮਾ ਜਾਰੀ ਕਰ ਦਿੱਤਾ।

ਗੁਰਮਤਿ ਅਨੁਸਾਰ ਜਿਵੇਂ ਇੱਕ ਬਿੱਲੀ ਆਪਣੇ ਤਿੱਖੇ ਦੰਦਾਂ ਨਾਲ ਆਪਣੇ ਸ਼ਿਕਾਰ ਨੂੰ ਪਕੜ ਕੇ ਲੈ ਜਾਂਦੀ ਹੈ ਉਹੋ ਬਿੱਲੀ ਉਨ੍ਹਾਂ ਹੀ ਦੰਦਾਂ ਦੇ ਨਾਲ ਆਪਣੇ ਬਲੂੰਗੜਿਆਂ ਨੂੰ ਵੀ ਚੁੱਕ ਕੇ ਲੈ ਜਾਂਦੀ ਹੈ। ਪਹਿਲੀ ਹਾਲਤ ਵਿੱਚ ਉਹ ਕਾਲ ਰੂਪ ਹੋ ਜਾਂਦੀ ਪਰ ਦੂਸਰੀ ਹਾਲਤ ਵਿੱਚ ਮਮਤਾ ਦਾ ਰੂਪ ਬਣਦੀ ਹੈ। ਇਸੇ ਤਰ੍ਹਾਂ ਅਕਾਲ ਪੁਰਖ **ਹਰਨਾਖਸ ਦੁਸਟ ਹਰ ਮਾਰਿਆ** ਦਾ ਬਿਰਦ ਪੂਰਾ ਕਰਨ ਲਈ ਆਪਣੀਆਂ ਤਿੱਖੀਆਂ ਦਾੜ੍ਹਾਂ ਨਾਲ ਕਾਲ ਰੂਪ ਹੋ ਨਿਬੜਦਾ ਹੈ। ਸਿੱਖ ਦੀ ਨਿਤਾਪ੍ਰਤਿ ਅਰਦਾਸ ਵੀ ਹੈ ਤੇ ਵਾਹਿਗੁਰੂ ਦਾ ਬਿਰਦ ਵੀ ਹੈ ਕਿ ਸਾਕਤ, ਨਿੰਦਕ, ਦੁਸ਼ਟ ਖਿਨ ਵਿੱਚ ਹੀ ਬਿਦਾਰ ਦਿੰਦਾ ਹੈ। ਬਿਦਾਰਨ ਦਾ ਅਰਥ ਹੁੰਦਾ ਹੈ ਤਿੱਖੀਆਂ ਦਾੜ੍ਹਾਂ ਨਾਲ ਪੇਟ ਫ਼ਾੜ ਦੇਣਾ,

***ਧਰਣੀਧਰ ਈਸ ਨਰਸਿੰਘ ਨਾਰਾਇਣ ॥***
***ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥***
***ਬਾਵਨ ਰੂਪ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ ॥***
*(ਗੁਰੂ ਗ੍ਰੰਥ ਸਾਹਿਬ, ਪੰਨਾ 1082)*

ਵਾਹਿਗੁਰੂ ਦੇ ਇਸੇ ਗੁਣ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ **ਮਹਾਕਾਲ ਕਾਲੰ..ਮਹਾ ਦਾੜ ਦਾੜੰ ਸੁ ਸੋਹੰ ਅਪਾਰੰ ॥** ਬਿਆਨ ਕੀਤਾ ਹੈ। ਪਰ ਜਦੋਂ ਵਾਹਿਗੁਰੂ ਦੇ ਭਗਤਾਂ ਦੀ ਜੋਤਿ ਦੀ ਅਵਸਥਾ ਉਸ ਊਚੇ ਦੇ ਸਨਮੁਖ ਹੋ ਕੇ ਪਰਮਜੋਤ ਦੇ ਰੂਬਰੂ ਹੋ ਜਾਂਦੀ ਹੈ ਤਾਂ ਇਹ ਜੋਤਿ ਸਰੀਰ ਦਾ ਕੱਪੜਾ ਫਾੜ ਕੇ ਉਸ ਨੂੰ ਮਿਲਣ ਲਈ ਬੇਤਾਬ ਹੋ ਜਾਂਦੀ ਹੈ। ਇਹੀ ਅਵਸਥਾ ਹੈ ਜੋ ਕਲਗੀਧਰ ਪਿਤਾ ਦੇ ਹੱਥ ਫ਼ੜੀ ਨੰਗੀ ਸ੍ਰੀ ਸਾਹਿਬ ਵੱਲ ਗੁਰੂ ਦੇ ਭੋਰਿਆਂ ਦੀ ਉਡਾਰੀ ਲਾਣ ਦੀ। ਇਹੀ ਵਿਆਖਿਆ ਹੈ ਰੰਬੀਆਂ ਨਾਲ ਖੋਪਰ ਉਤਰਵਾਣ, ਆਰੇ ਨਾਲ ਦੋਫ਼ਾੜ ਹੋਣ, ਦੇਗ਼ਾਂ ਵਿੱਚ ਉਬਲ ਜਾਣ, ਬੰਦ ਬੰਦ ਕਟਾ ਲੈਣ.....ਦੀ। ਸੋ ਵਾਹਿਗੁਰੂ ਨੇ ਜਿਸ ਰੂਹ ਤੇ ਤਰੁੱਠ ਕੇ ਉਸ ਨੂੰ ਆਪਣੇ ਆਗੋਸ਼ ਵਿੱਚ ਲੈਣਾ ਹੁੰਦਾ ਹੈ ਤਾਂ ਉਹ ਕਾਲ ਹੁੰਦਾ ਹੋਇਆ ਵੀ ਮਿਲਾਪ ਦਾ ਇਕ ਸਾਧਨ ਬਣ ਜਾਂਦਾ ਹੈ। ਇਸੇ ਅਵਸਥਾ ਲਈ ਸਿੱਖ ਦੀ ਅਰਦਾਸ ਹੁੰਦੀ ਹੈ,

***ਦੇਹ ਸ਼ਿਵਾ ਵਰ ਮੋਹਿ ਇਹੈ*......**
***ਅਤਿ ਹੀ ਰਣੁ ਮੇ ਤਬ ਜੂਝ ਮਰੋਂ ॥***

ਸੋ ਜਿੱਥੇ ਸਾਰੀ ਦੁਨੀਆ ਨੇ ਵਾਹਿਗੁਰੂ ਲਈ ਸੁੰਦਰ, ਮੋਹਣ, ਦਾਤਾਰ ਆਦਿ ਵੱਖ-ਵੱਖ ਨਾਮ ਵਰਤੇ ਹਨ ਪਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਵਾਹਿਗੁਰੂ ਲਈ ਇਕ ਬਿਲਕੁਲ ਤੇ ਵਚਿੱਤਰ ਨਾਮ 'ਸਦਣਹਾਰਾ' ਵਰਤਿਆ ਹੈ ਕਿ ਉਸਦਾ ਸਿਮਰਨ ਕਰੋ ਜੋ ਵਾਪਸ ਬੁਲਾ ਲੈਂਦਾ ਹੈ। ***ਸਦਣਹਾਰਾ ਸਿਮਰੀਐ ਨਾਨਕ ਸਿਹ ਦਿਨ ਆਵੰਨਿ ॥***

ਗੁਰੂ ਕਲਗੀਧਰ ਪਿਤਾ ਪਾਵਨ ਬਾਣੀ *ਅਕਾਲ ਉਸਤਤਿ* ਵਿੱਚ ਸਪੱਸ਼ਟ ਵਿਆਖਿਆ ਕਰਦੇ ਹਨ ਕਿ ਇਸ ਸੰਸਾਰ ਦੀ ਸਿਰਜਣਾ ਕਰਨ ਤੇ ਮੁੜ ਇਸ ਦਾ ਨਾਸ਼ ਕਰਨ ਯਾਨਿ ਕਿ ਬਣਾਮ ਅਤੇ ਸਮੇਟਣ ਵਾਲੀ ਸ਼ਕਤੀ ਕਾਲ (ਵਾਹਿਗੁਰੂ) ਹੀ ਹੈ। ਗੁਰੂ ਬਚਨ ਹੈ,

***ਕੇਤੇ ਕੱਛ ਮੱਛ ਕੇਤੇ ਉਨ ਕਉ ਕਰਤ ਭੱਛ***
***ਕੇਤੇ ਅੱਛ ਵੱਛ ਹੁਇ ਸਪੱਛ ਉੱਡ ਜਾਹ ਗੇ ॥***
***ਕੇਤੇ ਨਭ ਬੀਚ ਅੱਛ ਪੱਛ ਕਉ ਕਰੈ ਗੇ ਭੱਛ***
***ਕੇਤਕ ਪ੍ਰਤੱਛ ਹੁਇ ਪਚਾਇ ਖਾਇ ਜਾਹਿਗੇ ॥***
***ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ***
***ਕਾਲ ਕੇ ਬਨਾਇ ਸਭੈ ਕਾਲ ਹੀ ਬਚਾਹ ਗੇ ॥***
***ਤੇਜ ਜਿਉ ਅਤੇਜ ਮੈ ਅਤੇਜ ਜੈਸੇ ਤੇਜ ਲੀਨ***
***ਤਾਹੀਤੇ ਉਪਜ ਸਭੈ ਤਾਹੀ ਮੇਂ ਸਮਾਹ ਗੇ ॥੧੮ ॥੮੮ ॥***

ਕੇਵਲ ਅਕਾਲ ਪੁਰਖ ਦੇ ਸਿਮਰਨ ਦਾ ਉਪਦੇਸ਼ ਨੂੰ ਦ੍ਰਿੜ੍ਹ ਕਰਵਾਉਂਦਿਆਂ ਕਲਗੀਧਰ ਪਿਤਾ

ਅਕਾਲ ਪੁਰਖ਼ ਨੂੰ ਕਾਲ ਲਿਖਦਿਆਂ ਹੁਕਮ ਕਰਦੇ ਹਨ ਕਿ ਐ ਚੰਚਲ ਮਨ ਤੂੰ ਕਾਲ ਦੀ ਚਰਨੀ ਕਿਉਂ ਨਹੀਂ ਲੱਗਦਾ ?

***ਜਾਲ ਬਧੇ ਸਭਹੀ ਮ੍ਰਿਤ ਕੇ***
***ਕੋਊ ਰਾਮ ਰਸੂਲ ਨ ਬਾਚਨ ਪਾਏ॥***
***ਦਾਨਵ ਦੇਵ ਫ਼ਨਿੰਦ ਧਰਾਧਰ***
***ਭੂਤ ਭਵਿੱਖ ਉਪਾਇ ਮਿਟਾਏ॥***
***ਅੰਤ ਮਰੈ ਪਛਤਾਇ ਪ੍ਰਿਥੀ***
***ਪਰ ਜੇ ਜਗ ਮੈ ਅਵਤਾਰ ਕਹਾਏ॥***
***ਰੇ ਮਨ ਲੈਲ ਇਕੇਲ ਹੀ,***
***ਕਾਲ ਕੇ ਲਾਗਤ ਕਾਹਿ ਨ ਪਾਇਨ ਧਾਏ।੨॥।***

ਸੋ ਇਸ ਸਾਰੇ ਪ੍ਰਕਰਣ ਤੋਂ ਸਪੱਸ਼ਟ ਹੈ ਕਿ ਗੁਰੂ ਕਲਗੀਧਰ ਪਿਤਾ ਨੇ ਇਕ ਨਹੀਂ, ਦੋ ਨਹੀਂ ਬਲਕਿ ਸੈਂਕੜੇ ਥਾਵਾਂ 'ਤੇ ਗੁਰੂ ਨਾਨਕ ਮਾਰਗ ਨੂੰ ਅੱਗੇ ਤੋਰਦਿਆਂ ਹੋਇਆਂ ਵਾਹਿਗੁਰੂ ਨੂੰ ਕਾਲ, ਕਾਲ ਪੁਰਖ, ਅਕਾਲ, ਮਹਾਂਕਾਲ ਦੇ ਨਾਵਾਂ ਨਾਲ ਸੰਬੋਧਨ ਕੀਤਾ ਹੈ ਪਰ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਨੇ ਆਪਣੀ ਪੁਸਤਕ *ਦਸਮ ਗ੍ਰੰਥ* ਬਾਰੇ ਚੋਣਵੇਂ ਲੇਖ ਦੇ ਪੰਨਾ 82-83 ਵਿੱਚ ਲਿਖ ਦਿੱਤਾ 'ਪ੍ਰਭੂ ਹੀ ਅਕਾਲ ਤੇ ਕੇਵਲ ਅਕਾਲ ਹੈ। ਇਹ ਸੱਚਾਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਿ ਮੂਲ ਮੰਤ੍ਰ ਵਿੱਚ ਹੀ ਉਸਨੂੰ ਅਕਾਲ ਮੂਰਤਿ ਲਿਖ ਕੇ ਪ੍ਰਗਟ ਕਰ ਦਿੱਤਾ ਹੈ।ਆਪਣੇ ਦਸਵੇਂ ਸਰੂਪ ਵਿੱਚ ਉਹ ਅਕਾਲ ਤੇ ਕਾਲ ਨੂੰ ਖਲਤ-ਮਲਤ ਕਿਵੇਂ ਕਰ ਸਕਦੇ ਹਨ।......ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ *ਜਾਪ ਸਾਹਿਬ* ਵਿੱਚ ਪ੍ਰਮਾਤਮਾ ਨੂੰ ਦਸ ਬਾਰਾਂ ਵਾਰ ਅਕਾਲ ਜਾਂ ਕਾਲ ਦਾ ਕਾਲ ਤਾਂ ਲਿਖਿਆ ਹੈ ਪਰ ਕਾਲ ਤੇ ਉਹ ਵੀ ਪ੍ਰਭੂ ਦੇ ਅਰਥਾਂ ਵਿੱਚ ਕਿਤੇ ਇਕ ਵਾਰ ਵੀ ਨਹੀਂ ਲਿਖਿਆ।'

ਸਾਰੇ ਪ੍ਰਕਰਣ ਅਨੁਸਾਰ ਖੰਡੇ ਦੀ ਧਾਰ ਵਿੱਚੋਂ ਪੈਦਾ ਕੀਤੇ ਖ਼ਾਲਸੇ ਦਾ ਆਸ਼ਾ, ਇਸ਼ਟ ਅਤੇ ਉਪਾਸ਼ਨਾ ਕਾਲ ਪੁਰਖ ਪ੍ਰਤੀ ਪ੍ਰਗਟ ਕਰਦਿਆਂ ਕੀਤੀ ਅਣਗਹਿਲੀ ਪ੍ਰਤੀ ਚੇਤਾਵਨੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਅੰਕਿਤ ਹੈ,

***ਕਾਲ ਗਯੋ ਇਨ ਕਾਮਨ ਸਿਉ***
***ਜੜ ਕਾਲ ਕ੍ਰਿਪਾਲ ਹੀਐ ਨ ਚਿਤਾਰਯੋ॥***
***ਲਾਜ ਕੋ ਛਾਡਿ ਨ੍ਰਿਲਾਜ ਅਰੇ ਤਜਿ***
***ਕਾਜਿ ਅਕਾਜ ਕੇ ਕਾਜ ਸਵਾਰਯੋ॥***

ਸੋ ਇਸ ਗੱਲ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਗੁਰੂ ਸਾਹਿਬ ਦੇ ਮੁਤਾਬਿਕ ਖ਼ਾਲਸੇ ਦੀ ਸਿਰਜਣਾ ਖੁਦ ਕਾਲ ਪੁਰਖ ਨੇ ਕੀਤੀ ਹੈ ਅਤੇ ਖ਼ਾਲਸਾ ਕਾਲ ਪੁਰਖ ਕੀ ਫੌਜ॥ ਪ੍ਰਗਟਯੋ ਪਰਮਾਤਮ ਕੋ ਮੌਜ॥ਹੀ ਪੜ੍ਹਿਆ ਤੇ ਪ੍ਰਚਾਰਿਆ ਜਾਣਾ ਚਾਹੀਦਾ ਹੈ।

✣✣✣